
# ਤਹ ਹਮ ਅਧਿਕ ਤਪੱਸਿਆ ਸਾਧੀ

ਗੁਰੂ ਗੋਬਿੰਦ ਸਿੰਘ ਜੀ



# ਗਾਈਡ ਮੈਪ ਗੁਰਦੁਆਰਾ ਹੇਮਕੁੰਡ ਸਾਹਿਬ

ਜ਼ਿਲ੍ਹਾ ਚਮੋਲੀ, ਉੱਤ੍ਰਾਂਚਲ



ਹਿਮਾਚਲ
ਅੰਮ੍ਰਿਤਸਰ (Amritsar)
ਚੰਡੀਗੜ੍ਹ (Chandigarh)
ਜਲੰਧਰ (Jalandhar)
ਫਗਵਾੜਾ (Phagwara)
ਨਵਾਂ ਸ਼ਹਿਰ (Nawan Sheher)
ਰੂਪ ਨਗਰ (Roop Nagar)
ਸ਼ਿਮਲਾ (Shimla)
ਲੁਧਿਆਣਾ (Ludhiana)
ਖਰੜ (Kharar)
ਪਾਉਂਟਾ ਸਾਹਿਬ (Paonta Sahib)
ਉੱਤ੍ਰਾਂਚਲ
ਹੇਮਕੁੰਡ ਸਾਹਿਬ
ਬਦਰੀਨਾਥ (Badrinath)
ਕੇਦਾਰਨਾਥ (Kedarnath)
ਸਰਹਿੰਦ (Sirhind)
(Nahan)
ਮਨਸੂਰੀ (Mussorie)
ਪੰਜਾਬ
ਅੰਬਾਲਾ (Ambala)
ਡੇਹਰਾਦੂਨ (Dehra Dun)
ਗੋਬਿੰਦ ਧਾਮ (Gobind Dham)
ਗੋਬਿੰਦ ਘਾਟ (Gobind Ghat)
ਵਿਸ਼ਨੂੰਪ੍ਰਯਾਗ (Vishnu Prayag)
ਜੋਸ਼ੀ ਮੱਠ (Joshi Math)
ਪੀਪਲ ਕੋਟੀ (Pipal Koti)
ਨੰਦ ਪ੍ਰਯਾਗ (Nand Prayag)
ਜਗਾਧਰੀ (Jagadhari)
ਰਿਸ਼ੀਕੇਸ਼ (Rishikesh)
(Devprayag)
(Sri Nagar)
(Rudraprayag)
(Karanprayag)
ਰੁੜਕੀ (Roorkee)
ਚੌਖੁਟੀਆ (Choukhutia)
ਕਰਨਾਲ (Karnal)
ਰਾਨੀਖੇਤ (Ranikhet)
ਹਰਿਦੁਆਰ (Haridwar)
ਪਾਨੀਪਤ (Panipat)
ਨੈਨੀਤਾਲ (Nainital)
ਕਾਠਗੋਦਾਮ (Kathgodam)
ਯੂ.ਪੀ.
ਸੋਨੀਪਤ (Sonipat)
ਪੰਤਨਗਰ (Pantnagar)
ਹਰਿਆਣਾ
ਰਾਮਪੁਰ (Rampur)
ਹਾਪੁੜ (Hapur)
ਦਿੱਲੀ (Delhi)
ਬਰੇਲੀ (Bareily)



## ਗੁਰਦੁਆਰਾ ਹੇਮਕੁੰਡ ਸਾਹਿਬ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਮਹਾਨ ਰਚਨਾਵਾਂ ਵਿੱਚੋਂ ਇਕ "ਬਚਿੱਤਰ ਨਾਟਕ" ਵਿੱਚ ਇਸ ਅਸਥਾਨ ਵੱਲ ਇਸ਼ਾਰਾ ਕਰਦੇ ਹੋਏ ਫੁਰਮਾਉਂਦੇ ਹਨ:

**ਅਬ ਮੈ ਅਪਨੀ ਕਥਾ ਬਖਾਨੋ।**[1]

(ਹੁਣ ਮੈਂ ਆਪਣੀ ਕਥਾ ਬਖਿਆਨ ਕਰਦਾ ਹਾਂ)

**ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥**

(ਹਿਮਾਲਿਆ ਪਰਬਤਾਂ ਦੀ ਲੜੀ ਵਿੱਚ "ਸਪਤ ਸ੍ਰਿੰਗ" ਪਰਬਤਾਂ ਵਿੱਚ ਹੇਮਕੁੰਡ ਪਰਬਤ ਸੁਭਾਇਮਾਨ ਹੈ)

**ਤਹ ਹਮ ਅਧਿਕ ਤਪੱਸਿਆ ਸਾਧੀ।**

(ਉਸ ਅਸਥਾਨ 'ਤੇ ਅਸੀਂ ਪੂਰਬਲੇ ਜਨਮ ਵਿੱਚ ਅਕਾਲ ਪੁਰਖ ਦੀ ਭਾਰੀ ਤਪੱਸਿਆ ਕੀਤੀ)

**ਤਿਨ ਪ੍ਰਭ ਜਬ ਆਇਸੁ ਮੁਹਿ ਦੀਆ।**
**ਤਬ ਹਮ ਜਨਮ ਕਲੂ ਮਹਿ ਲੀਆ।**

(ਉਸ ਪ੍ਰਭੂ ਨੇ ਜਦੋਂ ਮੈਨੂੰ ਆਗਿਆ ਦਿੱਤੀ ਤਦੋਂ ਅਸੀਂ ਕਲਜੁਗ ਵਿੱਚ ਜਨਮ ਲਿਆ)

ਗੁਰੂ ਸਾਹਿਬ ਦੁਆਰਾ ਉਚਾਰੀ ਉਪਰੋਕਤ ਬਾਣੀ ਦੇ ਆਧਾਰ 'ਤੇ ਸਿੱਖ-ਸੰਗਤਾਂ ਦੀ ਮਦਦ ਨਾਲ ਕੁਝ ਗੁਰਸਿੱਖਾਂ (ਸੰਤ ਸੋਹਣ ਸਿੰਘ ਜੀ ਟੀਹਰੀ ਵਾਲੇ, ਹਵਾਲਦਾਰ ਮੋਦਨ ਸਿੰਘ ਜੀ, ਭਾਈ ਵੀਰ ਸਿੰਘ ਜੀ ਆਦਿ) ਨੇ ਇਸ ਪਵਿੱਤਰ ਅਸਥਾਨ ਦੀ ਖੋਜ ਸ਼ੁਰੂ ਕੀਤੀ। ਸੰਮਤ ਨਾਨਕਸ਼ਾਹੀ 465-66 (ਸੰਨ 1933-34 ਈ:) ਵਿੱਚ ਉਪਰੋਕਤ ਸਿੱਖ, ਸੰਗਤਾਂ ਦੀ ਮਦਦ ਅਤੇ ਗੁਰੂ-ਬਖਸ਼ਿਸ਼ ਸਦਕਾ ਇਸ ਅਸਥਾਨ 'ਤੇ ਪਹੁੰਚਣ ਵਿੱਚ ਕਾਮਯਾਬ ਹੋਏ। ਸੰਮਤ ਨਾਨਕਸ਼ਾਹੀ 468

1 ਇਹ ਤੁਕਾਂ ਬਚਿੱਤਰ ਨਾਟਕ ਗ੍ਰੰਥ ਵਿੱਚੋਂ ਲਈਆਂ ਗਈਆਂ ਹਨ ਅਤੇ ਤਰਤੀਬਵਾਰ ਨਹੀਂ ਹਨ।



ਗੁਰਦੁਆਰਾ ਹੇਮਕੁੰਟ ਸਾਹਿਬ ਨੂੰ ਜਾ ਰਹੀਆਂ ਸੰਗਤਾਂ

(ਸੰਨ 1936 ਈ:) ਦੇ ਆਸ-ਪਾਸ ਸਿੱਖ ਸੰਗਤਾਂ ਨੇ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦੋਂ, ਸੰਮਤ ਨਾਨਕਸ਼ਾਹੀ 469 (ਅਗਸਤ-ਸਤੰਬਰ, ਸੰਨ 1937 ਈ:) ਵਿੱਚ ਕੀਤਾ ਗਿਆ।

ਸਾਲ ਵਿੱਚੋਂ 4-5 ਮਹੀਨੇ ਬਰਫ ਨਾਲ ਲੱਦੀਆਂ ਅਤੇ ਅਸਮਾਨ ਛੂੰਹਦੀਆਂ ਪਹਾੜੀ ਚੋਟੀਆਂ ਵਿੱਚ ਘਿਰਿਆ ਇਹ ਪਵਿੱਤਰ ਅਸਥਾਨ ਸਮੁੰਦਰ ਤਲ ਤੋਂ ਅੰਦਾਜ਼ਨ 15,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਭਰ ਸਰਦੀਆਂ ਦੀ ਰੁੱਤ ਵਿੱਚ ਕਈ-ਕਈ ਵਾਰ ਤਾਂ 30-35 ਫੁੱਟ ਤਕ ਬਰਫ ਪੈ ਜਾਂਦੀ ਹੈ। ਇਹ ਅਸਥਾਨ ਚੀਨ ਦੇ ਬਾਰਡਰ ਤੋਂ ਅੰਦਾਜ਼ਨ 35-40 ਕਿਲੋਮੀਟਰ ਦੀ ਦੂਰੀ 'ਤੇ ਹੈ। ਤਿੰਨ ਪਾਸੇ ਹੇਮਕੁੰਟ ਪਰਬਤਮਾਲਾ ਦੇ ਸਪਤਸ੍ਰਿੰਗ ਪਰਬਤ ਦੀਆਂ ਸੱਤ ਚੋਟੀਆਂ (1. ਰੁਦਰ ਹਿਮਾਲਿਆ 2. ਬਿਸ਼ਨਪੁਰੀ 3. ਉਦਗਾਰੀ ਕੰਠ 4. ਸਰਗਾ ਰੋਹਣ 5. ਬ੍ਰਹਮਪੁਰੀ 6. ਮੇਰ 7. ਸੁਮੇਰ) ਹਨ ਅਤੇ ਚੌਥੇ ਪਾਸੇ ਨੀਲਕੰਠ ਪਰਬਤ ਸਥਿਤ ਹੈ। ਪਵਿੱਤਰ ਸਰੋਵਰ ਦੀ ਪਰਕਰਮਾ ਲੱਗਭਗ ਸਵਾ ਤੋਂ ਡੇਢ ਕਿ.ਮੀ. ਹੈ। ਸਰੋਵਰ ਦਾ ਜਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | |
|---|---|---|---|
| ਜ਼ਿਲ੍ਹਾ: | ਚਮੋਲੀ | ਪਿੰਨ ਕੋਡ | : 249401 |
| ਪ੍ਰਾਂਤ : | ਉਤ੍ਰਾਂਚਲ | ਐੱਸ.ਟੀ.ਡੀ. | : 01372 |

| | | | |
|---|---|---|---|
| ਨਜ਼ਦੀਕੀ ਏਅਰਪੋਰਟ | : ਜੌਲੀਗ੍ਰਾਂਟ | 307 | ਕਿ.ਮੀ. |
| ਨਜ਼ਦੀਕੀ ਰੇਲਵੇ ਸਟੇਸ਼ਨ | : ਰਿਸ਼ੀਕੇਸ਼ | 293 | ਕਿ.ਮੀ. |
| ਨਜ਼ਦੀਕੀ ਪਟਰੋਲ ਪੰਪ | : ਜੋਸ਼ੀਮੱਠ | 15-20 | ਕਿ.ਮੀ. |




| | | | |
|---|---|---|---|
| ਨਜ਼ਦੀਕੀ ਪਟਰੋਲ ਪੰਪ | : ਪੀਪਲਕੋਟੀ | 74 | ਕਿ.ਮੀ. |
| ਨਜ਼ਦੀਕੀ ਪੋਸਟ ਆਫਿਸ | : ਗੋਬਿੰਦਘਾਟ | | |
| ਸਥਿਤੀ | : (N) 30° 41'55.32" (E) 79° 37'08.40" | | |
| ਤਾਪਮਾਨ | : (ਵੱਧ ਤੋਂ ਵੱਧ) 7-10° (ਘੱਟ ਤੋਂ ਘੱਟ) 1.5-2° ਸੈਲ. | | |

## ਹੇਮਕੁੰਡ ਸਾਹਿਬ

| | | | |
|---|---|---|---|
| ਗੋਬਿੰਦ ਧਾਮ ਤੋਂ | : | 6 | ਕਿ.ਮੀ. (ਪੈਦਲ ਯਾਤਰਾ) |
| ਗੋਬਿੰਦ ਘਾਟ ਤੋਂ | : | 19 | ਕਿ.ਮੀ. (ਪੈਦਲ ਯਾਤਰਾ) |
| ਰਿਸ਼ੀਕੇਸ਼ ਤੋਂ | : | 294 | ਕਿ.ਮੀ. |
| ਹਰਿਦੁਆਰ ਤੋਂ | : | 319 | ਕਿ.ਮੀ. |
| ਅੰਮ੍ਰਿਤਸਰ ਤੋਂ | : | 730 | ਕਿ.ਮੀ. |
| ਦਿੱਲੀ ਤੋਂ | : | 639 | ਕਿ.ਮੀ. |
| ਪਟਨਾ ਸਾਹਿਬ ਤੋਂ | : | 1319[1] | ਕਿ.ਮੀ. |
| ਮੁੰਬਈ ਤੋਂ | : | 2023[2] | ਕਿ.ਮੀ. |

## ਨਜ਼ਦੀਕੀ ਏ.ਟੀ.ਐੱਮ.

ਸਟੇਟ ਬੈਂਕ ਆਫ ਇੰਡੀਆ : ਬਦਰੀਨਾਥ (ਤਕਰੀਬਨ 18-20 ਕਿ.ਮੀ.)

## ਨਾਲ ਲਿਜਾਣ ਲਈ ਜ਼ਰੂਰੀ ਸਾਮਾਨ

ਰੇਨ ਕੋਟ, ਫਸਟ-ਏਡ ਕਿੱਟ, ਵਿੰਡ ਸ਼ੀਟਰ, ਪਾਣੀ ਦੀ ਬੋਤਲ, ਸਵੈਟਰ, ਟਾਰਚ ਅਤੇ ਸੈੱਲ (ਗੋਬਿੰਦ ਧਾਮ 'ਤੇ ਬਿਜਲੀ ਦਾ ਪ੍ਰਬੰਧ ਰਾਤ 10.00 ਵਜੇ ਤਕ ਹੀ ਹੁੰਦਾ ਹੈ ਸੋ ਟਾਰਚ ਬਹੁਤ ਜ਼ਰੂਰੀ ਹੈ), ਦਸਤਾਨੇ, ਗੁਲੂਬੰਦ, ਕੱਪੜੇ ਦੇ ਬੂਟ, ਕੈਂਚੀ ਚੱਲਪ ਆਦਿ।

---

1 ਪਟਨਾ ਤੋਂ ਦਿੱਲੀ ਤੋਂ ਹਰਿਦੁਆਰ ਤੋਂ ਹੇਮਕੁੰਡ ਰੂਟ

2 ਮੁੰਬਈ ਸੈਂਟਰਲ ਤੋਂ ਨਵੀਂ ਦਿੱਲੀ ਤੋਂ ਹਰਿਦੁਆਰ ਤੋਂ ਹੇਮਕੁੰਡ ਰੂਟ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਲਲਤਾਰੋ ਪੁਲ, ਰੁਲਦੋ ਰੋਡ, ਹਰਿਦੁਆਰ

## ਹਰਿਦੁਆਰ

ਜ਼ਿਲ੍ਹਾ : ਹਰਿਦੁਆਰ — ਪਿੰਨ ਕੋਡ : 24940
ਪ੍ਰਾਂਤ : ਉਤ੍ਰਾਂਚਲ — ਐੱਸ.ਟੀ.ਡੀ.: 01334

ਯਾਤਰੂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਲਈ ਵੱਖ-ਵੱਖ ਸਟੇਸ਼ਨਾਂ ਤੋਂ ਚੱਲ ਕੇ ਪਹਿਲਾਂ ਤਕਰੀਬਨ ਹਰਿਦੁਆਰ ਤਕ ਹੀ ਆਉਂਦੇ ਹਨ। ਇਥੇ ਸੰਗਤਾਂ ਦੇ ਵਿਸ਼ਰਾਮ ਲਈ ਤਿੰਨ ਗੁਰਦੁਆਰੇ ਹਨ।

1. ਪਹਿਲਾ ਗੁਰਦੁਆਰਾ ਰੇਲਵੇ ਸਟੇਸ਼ਨ ਦੀ ਬੈਕ ਸਾਈਡ ’ਤੇ ਨਿਰਮਲਾ ਛਾਉਣੀ ਵਿਖੇ ਸਥਿਤ ਹੈ। ਇਹ ਗੁਰਦੁਆਰਾ ਤਕਰੀਬਨ 30-32 ਸਾਲ ਪੁਰਾਣਾ ਹੈ। ਰੇਲ ਗੱਡੀ ਤੋਂ ਉਤਰ ਕੇ ਮੇਨ ਰੋਡ ਵੱਲ ਜਾਣ ਦੀ ਬਜਾਏ ਪਿਛਲੇ ਪਾਸੇ ਆਫੀਸਰਜ਼ ਰੈਸਟ ਹਾਊਸ ਵੱਲੋਂ ਨਿਕਲ ਕੇ ਸੱਜੇ ਹੱਥ ਦੂਸਰੀ ਗਲੀ ਵਿਚ ਸਥਿਤ ਹੈ। ਇਸ ਦੀ ਸੇਵਾ ਹੇਮਕੁੰਡ ਸਾਹਿਬ ਟਰੱਸਟ ਨਿਭਾ ਰਿਹਾ ਹੈ। ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਇਥੋਂ ਤਕ ਪੈਦਲ ਹੀ ਸਿਰਫ 10-15 ਮਿੰਟ ਵਿੱਚ ਪਹੁੰਚਿਆ ਜਾ ਸਕਦਾ ਹੈ।
2. ਦੂਸਰਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਸਟੇਸ਼ਨ ਤੋਂ ਲਲਤਾਰਾ (ਲਲਤਾਰੋ) ਪੁਲ ਵੱਲ ਜਾਂਦਿਆਂ, ਪੁਲ ਤੋਂ ਖੱਬੇ ਹੱਥ ਮੁੜ ਕੇ, ਅਤੇ ਫਿਰ ਖੱਬੇ ਹੱਥ ਮੁੜ ਕੇ ਹੈ। ਇਹ ਵੀ ਰੇਲਵੇ ਸਟੇਸ਼ਨ ਤੋਂ ਪੈਦਲ 15-20 ਮਿੰਟ ਦੀ ਦੂਰੀ ’ਤੇ ਹੈ।
3. ਤੀਸਰਾ ਗੁਰਦੁਆਰਾ (ਸ੍ਰੀ ਨਾਨਕ ਪੁਰਾ ਆਸ਼ਰਮ) ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਗੰਗਾ ਘਾਟ ਤੋਂ ਪਾਰ ਸਪਤਰਿਸ਼ੀ ਮਾਰਗ ’ਤੇ ਸਥਿਤ ਹੈ ਅਤੇ ਸਟੇਸ਼ਨ ਤੋਂ ਤਕਰੀਬਨ 5.00



ਮਨਲੁਭਾਉਣੀ ਹਰਿਆਵਲ ਸੰਗ ਮਾਲਾ-ਮਾਲ ਪਹਾੜੀ ਕਿਨਾਰੇ ਨਾਲ ਵਹਿੰਦੀ ਨਦੀ ਦਾ ਦ੍ਰਿਸ਼

ਕਿ.ਮੀ. ਦੀ ਦੂਰੀ ’ਤੇ ਹੈ। ਇਸ ਦੀ ਸੇਵਾ ਸੰਤ ਬਾਬਾ ਜੈਮਲ ਸਿੰਘ ਜੀ ਦੀ ਗੱਦੀ ’ਤੇ ਸੰਤ ਬਾਬਾ ਬਚਨ ਸਿੰਘ ਜੀ ਭੂਰੀ ਵਾਲੇ ਨਿਭਾ ਰਹੇ ਹਨ। ਇਹ ਗੁਰਦੁਆਰਾ ਤਕਰੀਬਨ 40 ਸਾਲ ਪੁਰਾਣਾ ਹੈ। ਸੰਗਤ ਦੇ ਠਹਿਰਨ ਲਈ 40 ਤੋਂ 50 ਕਮਰੇ ਅਤੇ 5 ਹਾਲ ਹਨ। ਲੰਗਰ ਤਕਰੀਬਨ 24 ਘੰਟੇ ਚਲਦਾ ਹੈ।

4. ਚੌਥਾ ਗੁਰਦੁਆਰਾ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੈ। ਗੁਰੂ ਸਾਹਿਬ ਗੁਰਿਆਈ ਮਿਲਣ ਤੋਂ ਪਹਿਲਾਂ ਇਥੇ ਤਕਰੀਬਨ 21 ਵਾਰ ਅਤੇ ਬਾਅਦ ਵਿਚ 1 ਵਾਰ ਆਏ। ਕੁਝ ਇਤਿਹਾਸਕਾਰਾਂ ਮੁਤਾਬਿਕ ਸਤੀ ਪ੍ਰਥਾ ਦਾ ਅੰਤ ਗੁਰੂ ਸਾਹਿਬ ਨੇ ਇਸੇ ਜਗ੍ਹਾ ’ਤੇ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਫੁਰਮਾਇਆ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨ੍ਹਿ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ॥
(ਵਾਰ ਸੂਹੀ ਕੀ ਮ:3, ਪੰਨਾ 787)

ਇਹ ਗੁ: ਕਨਖਲ (ਹਰਿਦੁਆਰ) ਵਿਖੇ ਸਤੀ ਘਾਟ ਦੇ ਬਿਲਕੁਲ ਨਾਲ ਗੰਗਾ ਦੇ ਕਿਨਾਰੇ ਸਥਿਤ ਹੈ। ਗੁ: ਸਾਹਿਬ ਦੀ ਸੇਵਾ ਨਿਰਮਲੇ ਪ੍ਰਥਾ ਵਿਚ ਗਿ: ਦਵਿੰਦਰ ਸਿੰਘ ਜੀ ਜੰਮੂ ਵਾਲੇ ਨਿਭਾਅ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਇੰਤਜ਼ਾਮ ਨਹੀਂ ਹੈ।

ਹਰਿਦੁਆਰ ਤੋਂ ਰਿਸ਼ੀਕੇਸ਼ ਦੇ ਬੱਸ ਅੱਡੇ ਤਕ ਲੋਕਲ ਬੱਸਾਂ ਜਾਂ

ਆਟੋਰਿਕਸ਼ਾ (ਵਿਕਰਮ) ਰਾਹੀਂ ਅੰਦਾਜ਼ਨ ਅੱਧੇ ਘੰਟੇ ਵਿੱਚ ਜਾਇਆ ਜਾ ਸਕਦਾ ਹੈ। ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ (NH 58) ਹਰਿਦੁਆਰ ਤੋਂ 12-13 ਕਿ.ਮੀ. ਦੀ ਦੂਰੀ 'ਤੇ ਰਸਤੇ ਵਿੱਚ ਡੋਈਵਾਲਾ (ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ) ਤੋਂ ਖੱਬੇ ਹੱਥ, ਰਸਤਾ ਦੇਹਰਾਦੂਨ (NH 72), ਮਨਸੂਰੀ, ਇਤਿਹਾਸਕ ਗੁਰਦੁਆਰਾ ਪਾਉਂਟਾ ਸਾਹਿਬ, ਸ਼ਿਮਲੇ ਅਤੇ ਚੰਡੀਗੜ੍ਹ ਵੱਲ ਮਿਲਦਾ ਹੈ। ਡੋਈਵਾਲਾ ਤੋਂ ਦੇਹਰਾਦੂਨ ਅੰਦਾਜ਼ਨ 40 ਕਿ.ਮੀ. ਅਤੇ ਦੇਹਰਾਦੂਨ ਤੋਂ ਪਾਉਂਟਾ ਸਾਹਿਬ ਤਕਰੀਬਨ 50 ਕਿ.ਮੀ. ਦੀ ਦੂਰੀ 'ਤੇ ਹੈ।

## ਜ਼ਰੂਰੀ ਫੋਨ ਨੰਬਰ

ਐੱਸ.ਟੀ.ਡੀ. ਕੋਡ : 01334

| | |
|---|---|
| ਗੁ: ਸਾਹਿਬ ਹੇਮਕੁੰਡ ਟਰੱਸਟ | : 227749 |
| ਗੁ: ਸਾਹਿਬ ਲਲਤਾਰੋ ਪੁਲ | : 228760 |
| ਗੁ: ਸਾਹਿਬ ਸਪਤ ਰਿਸ਼ੀ ਮਾਰਗ | : 98376-51045, 260202 |
| ਗੁ: ਸਾਹਿਬ ਗੁਰੂ ਅਮਰਦਾਸ ਜੀ | : 98973-49321 |

| | |
|---|---|
| DC Haridwar | : 239440, 239554 |
| Distt. Magistrate | : 226400, 221663 |
| **Ambulance** | |
| City Hospital | : 220182 |
| Civil Hospital | : 227791 |
| Lions Club | : 98370-28115, 251475 |
| Sewa Smiti | : 227052 |
| **Hospitals** | |
| City Hospital | : 220180-82 |
| Harmilap Rajkiy Hospital (Near Kotwali) | |



ਗੁ: ਸ੍ਰੀ ਨਾਨਕ ਪੁਰਾ ਆਸ਼ਰਮ, ਸਪਤ ਰਿਸ਼ੀ ਮਾਰਗ, ਹਰਿਦੁਆਰ



ਹੇਮਕੁੰਡ ਸਾਹਿਬ ਮਾਰਗ ਦੇ ਮਨਮੋਹਕ ਝਰਨਿਆਂ ਦਾ ਇਕ ਦ੍ਰਿਸ਼

## Banks

| | | |
|---|---|---|
| Bank of Baroda | : | 227535 |
| Oriental Bank of Comm | : | 227096, 227125, 217959 |
| Punjab National Bank | : | 227038 |

## ATM's

**State Bank of India**

1. Chitra Cinema, HARIDWAR
2. Shantikunj, HARIDWAR

**Punjab National Bank**

1. BHEL, HARIDWAR
2. B.T. Ganj, HARIDWAR

**Bank of Baroda**

Upper Road, Haridwar. Distt. Haridwar

**ICICI Bank**

7C, Awas Vikas, Ground Flr., Delhi Road

**HDFC Bank**

313/8, Civil Lines, Haridwar Road, Roorkee

**State Bank of Patiala**


Haridwar Station Road, Near Hotel Himgiri

## Fire

| | | |
|---|---|---|
| Fire Brigade (Mayapur) | : | 101, 227007 |

## Police

| | | |
|---|---|---|
| SSP Haridwar | : | 239777, 239866 |
| SP City Haridwar | : | 224922 |
| Police Control Room | : | 100, 223980, 225900 |
| Kotwali | : | 227775 |
| Railway Enquiry | : | 131, 225931 |
| Roadways Enquiry | : | 227037 |
| Fire | : | 227007, 101 |



**ਗੁਰਦੁਆਰਾ ਗੁਰੂ ਅਮਰਦਾਸ ਜੀ**
ਸਤੀਘਾਟ, ਕਨਖਲ, ਹਰਿਦੁਆਰ

Post Office : 227025
Air Booking : 228672, 227266

## ਗੱਡੀਆਂ[1] ਅੰਮ੍ਰਿਤਸਰ ਤੋਂ ਹਰਿਦੁਆਰ

| ਗੱਡੀ ਨੰ. | ਨਾਮ | ਤੁਰਨ ਦਾ ਸਮਾਂ | ਪਹੁੰਚਣ ਦਾ ਸਮਾਂ | ਚੱਲਣ ਦੇ ਦਿਨ | | | | | | |
|---|---|---|---|---|---|---|---|---|---|---|
| | | | | S | M | T | W | T | F | S |
| 2054 | ASR HW JNSHTBDI | 7:00 ਸਵੇਰ | 1:55 ਦੁਪਹਿਰ | Y | Y | Y | Y | N | Y | Y |
| | ਕਿਰਾਇਆ: | ਏ.ਸੀ. ਚੇਅਰ ਕਾਰ: 450.00 | | ਸੈਕਿੰਡ ਸਿਟਿੰਗ : 137.00 | | | | | | |
| | | | | S | M | T | W | T | F | S |
| 4632 | ASR DDN XPRESS | 10:00 ਰਾਤ | 7:30 ਸਵੇਰ | Y | Y | Y | Y | Y | Y | Y |
| | ਕਿਰਾ: ਫਸਟ ਕਲਾਸ: 570.00 | ਏ.ਸੀ. 3 ਟਾਇਰ 505.00 | | ਸਲੀਪਰ 190.00 | | | | | | |

ਗੱਡੀ ਨੰਬਰ 4632 ਅੰਮ੍ਰਿਤਸਰ ਤੋਂ ਦੇਹਰਾਦੂਨ ਤਕ ਜਾਂਦੀ ਹੈ। ਜਿਹੜੇ ਯਾਤਰੂ ਹਰਿਦੁਆਰ ਨਹੀਂ ਰੁਕਣਾ ਚਾਹੁੰਦੇ ਅਤੇ ਸਿੱਧੇ ਰਿਸ਼ੀਕੇਸ਼ ਜਾਣਾ ਚਾਹੁੰਦੇ ਹਨ ਉਹ ਅੰਮ੍ਰਿਤਸਰ ਤੋਂ ਰਾਇਵਾਲਾ (ਰਾਇਵਾਲਾ ਹਰਿਦੁਆਰ-ਰਿਸ਼ੀਕੇਸ਼ ਮਾਰਗ 'ਤੇ ਸਥਿਤ ਹੈ) ਤਕ ਇਸ ਗੱਡੀ 'ਤੇ ਜਾ ਸਕਦੇ ਹਨ। ਰਾਇਵਾਲਾ ਤੋਂ ਰਿਸ਼ੀਕੇਸ਼ ਦਾ ਗੁਰਦੁਆਰਾ ਸਾਹਿਬ ਸਿਰਫ 12-14 ਕਿ.ਮੀ ਹੈ। ਆਟੋ (ਵਿਕਰਮ) ਇਸੇ ਸੜਕ ਤੋਂ ਆਮ ਮਿਲ ਜਾਂਦੇ ਹਨ।

1 ਸਾਰੇ ਕਿਰਾਏ-ਭਾੜੇ ਅਤੇ ਟਾਈਮ-ਟੇਬਲ ਭਾਰਤੀ ਰੇਲਵੇ ਦੀ ਵੈੱਬਸਾਈਟ (http://www.indianrail.gov.in/) 'ਤੇ ਆਧਾਰਿਤ ਹਨ।



ਗੁਰਦੁਆਰਾ ਪਾਉਂਟਾ ਸਾਹਿਬ, ਸਿਰਮੌਰ, ਹਿਮਾਚਲ

# ਗੁਰਦੁਆਰਾ ਪਾਉਂਟਾ/ਪਾਂਵਟਾ ਸਾਹਿਬ

| | |
|---|---|
| ਜ਼ਿਲ੍ਹਾ : ਸਿਰਮੌਰ | ਪਿੰਨ ਕੋਡ : 173025 |
| ਪ੍ਰਾਂਤ : ਹਿਮਾਚਲ ਪ੍ਰਦੇਸ਼ | ਐੱਸ.ਟੀ.ਡੀ.: 01704 |

ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1742 ਵਿੱਚ ਨਾਹਨ ਦੇ ਰਾਜੇ ਤੋਂ ਜ਼ਮੀਨ ਖ਼੍ਰੀਦ ਕੇ ਜਮਨਾ ਕਿਨਾਰੇ ਇਹ ਨਗਰ ਵਸਾਇਆ, ਨਾਮ ਪਾਂਵਟਾ[1] ਰੱਖਿਆ। ਬਾਅਦ ਵਿੱਚ ਇਹ ਨਗਰ ਪਾਉਂਟਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਭੰਗਾਣੀ ਦਾ ਯੁੱਧ ਵੀ ਇਸੇ ਸਮੇਂ ਦੌਰਾਨ (ਸੰਮਤ 1746) ਹੋਇਆ, ਜਿਸ ਦਾ ਜ਼ਿਕਰ ਵਿਚਿਤ੍ਰ ਨਾਟਕ ਦੇ ਅਠਵੇਂ ਅਧਯਾਯ ਵਿੱਚ ਹੈ। ਗੁਰੂ ਸਾਹਿਬ ਨੇ ਇਥੇ ਕਾਫੀ ਸਮਾਂ ਬਿਤਾਇਆ। ਇਥੇ ਹੀ ਆਪ ਨੇ ਜਾਪੁ ਸਾਹਿਬ, ਸਵੱਯੇ, ਚੰਡੀ ਦੀ ਵਾਰ ਅਤੇ ਹੋਰ ਬਾਣੀਆਂ ਉਚਾਰੀਆਂ। ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਪੁਰਾਤਨ ਸ਼ਸਤਰ ਪਏ ਹੋਏ ਹਨ। ਵੈਸਾਖੀ 'ਤੇ ਇਥੇ ਭਾਰੀ ਮੇਲਾ ਲਗਦਾ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | | |
|---|---|---|---|---|
| ਪਾਉਂਟਾ ਸਾਹਿਬ | ਤੋਂ | ਰਿਸ਼ੀਕੇਸ਼ | 95±5 ਕਿ.ਮੀ. | |
| ਪਾਉਂਟਾ ਸਾਹਿਬ | ਤੋਂ | ਦੇਹਰਾਦੂਨ | 50 ਕਿ.ਮੀ. | NH 72 |
| ਪਾਉਂਟਾ ਸਾਹਿਬ | ਤੋਂ | ਦਿੱਲੀ ਵਾ: ਕਰਨਾਲ | 250 ਕਿ.ਮੀ. | |
| ਪਾਉਂਟਾ ਸਾਹਿਬ | ਤੋਂ | ਚੰਡੀਗੜ੍ਹ | 125 ਕਿ.ਮੀ. | |
| ਨਜ਼ਦੀਕੀ ਰੇਲਵੇ ਸਟੇਸ਼ਨ (ਜਗਾਧਰੀ) | | | 50 ਕਿ.ਮੀ. | |

1 ਪਾਂਵਟਾ ਤੋਂ ਭਾਵ ਜਿੱਥੇ ਪੈਰ ਅਟਕਾਇਆ ਜਾਵੇ, ਜਾਂ ਮਕਾਨ ਅੱਗੇ ਵਿਛਾਇਆ ਗਿਆ ਉਹ ਫਰਸ਼, ਜਿਸ 'ਤੇ ਸਨਮਾਨਯੋਗ ਪ੍ਰਾਹੁਣਾ ਪੈਰ ਰੱਖ ਕੇ ਆਵੇ।




ਗੁ: ਪਾਉਂਟਾ ਸਾਹਿਬ ਵਿਖੇ ਸੁਸ਼ੋਭਿਤ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ

# ਦੇਹਰਾਦੂਨ

| | |
|---|---|
| ਜ਼ਿਲ੍ਹਾ : ਦੇਹਰਾਦੂਨ | ਪਿੰਨ ਕੋਡ : 248001 |
| ਪ੍ਰਾਂਤ : ਉੱਤ੍ਰਾਂਚਲ | ਐੱਸ.ਟੀ.ਡੀ.: 0135 |

ਦੇਹਰਾਦੂਨ ਉੱਤ੍ਰਾਂਚਲ ਜ਼ਿਲ੍ਹੇ ਦੀ ਰਾਜਧਾਨੀ ਹੈ। ਦੇਹਰਾਦੂਨ, 'ਦੇਹਰਾ' ਅਤੇ 'ਦੂਨ' ਤੋਂ ਰਲ ਕੇ ਬਣਿਆ ਹੈ। ਦੇਹਰਾ ਦਾ ਮਤਲਬ ਡੇਰਾ ਅਤੇ ਦੂਨ ਦਾ ਮਤਲਬ ਵੈਲੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਾਉਂਟਾ ਸਾਹਿਬ ਦੀ ਫੇਰੀ ਦੌਰਾਨ ਕੁਝ ਸਮਾਂ ਇਥੇ ਵੀ ਬਿਤਾਇਆ। ਇਲਾਕੇ ਦੀ ਸੰਗਤ ਨੇ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਇਕ ਸੁੰਦਰ ਗੁਰਦੁਆਰਾ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਉਸਾਰਿਆ। ਆੜ੍ਹਤ ਬਜ਼ਾਰ ਵਿਖੇ ਉਸਾਰੇ ਗਏ ਇਸ ਗੁ: ਸਾਹਿਬ ਦਾ ਪ੍ਰਬੰਧ ਇਲਾਕੇ ਦੀ ਸੰਗਤ ਕਰ ਰਹੀ ਹੈ। ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਵੀ ਹੈ। ਗੁਰਦੁਆਰਾ ਸਾਹਿਬ ਦੇ ਫੋਨ ਨੰਬਰ 2624331 ਅਤੇ 3292512 ਹਨ।

ਪੁਰਾਤਨ ਕਥਾਵਾਂ ਅਨੁਸਾਰ ਕੌਰਵਾਂ ਅਤੇ ਪਾਂਡਵਾਂ ਦੇ ਗੁਰੂ, ਗੁਰੂ ਦ੍ਰੋਣਾਚਾਰੀਆ ਦਾ ਡੇਰਾ (ਦੇਹਰਾ) ਵੀ ਇਥੇ ਹੀ ਸੀ। ਇਸ ਦੇ ਉੱਤਰ ਵਿੱਚ ਹਿਮਾਲਿਆ ਅਤੇ ਦੱਖਣ ਵਿੱਚ ਸ਼ਿਵਾਲਿਕ ਪਰਬਤ, ਪੂਰਬ ਵਿੱਚ ਗੰਗਾ ਅਤੇ ਪੱਛਮ ਵਿੱਚ ਯਮੁਨਾ ਨਦੀ ਹੈ।

ਹੇਮਕੁੰਡ ਸਾਹਿਬ ਦੇ ਦਰਸ਼ਨਾਂ ਲਈ ਦੇਹਰਾਦੂਨ ਤਕ ਹਵਾਈ ਸਫਰ ਵੀ ਕੀਤਾ ਜਾ ਸਕਦਾ ਹੈ। ਏਅਰਪੋਰਟ ਪੰਤ ਨਗਰ, ਨੈਨੀਸੇਨ, ਜੋਲੀਗ੍ਰਾਂਟ, ਦੇਹਰਾਦੂਨ ਵਿਖੇ ਸਥਿਤ ਹੈ।


ਫੁੱਲਾਂ ਦੀ ਘਾਟੀ
ਫੁੱਲਾਂ ਦੀ ਘਾਟੀ
Hemkund
ਗੂਗਲ ਅਰਥ'ਤੇ ਸੰਭਾਵੀ ਅਸਥਾਨ ਗੁ: ਹੇਮਕੁੰਡ ਸਾਹਿਬ
ਸਮੁੰਦਰ ਤਲ ਤੋਂ ਉਚਾਈ ਅੰਦਾਜ਼ਨ 15000 ਫੁੱਟ
©2008 Google



ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਸੁਸ਼ੋਭਿਤ ਇਤਿਹਾਸਕ ਕਲਮਾਂ
ਜਿਨ੍ਹਾਂ ਨਾਲ ਕਲਗੀਧਰ ਪਾਤਸ਼ਾਹ ਬਾਣੀ ਲਿਖਿਆ ਕਰਦੇ ਸਨ

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | |
|---|---|---|---|
| ਦੇਹਰਾਦੂਨ | ਤੋਂ | ਰਿਸ਼ੀਕੇਸ਼ | 45.0 ਕਿ.ਮੀ. NH 72-58 |
| ਦੇਹਰਾਦੂਨ ਬੱਸ ਸਟੈਂ: | ਤੋਂ | ਦੇਹਰਾਦੂਨ ਏਅਰਪੋ: | 27.0 ਕਿ.ਮੀ. |

## ਜ਼ਰੂਰੀ ਫੋਨ ਨੰਬਰ

| | |
|---|---|
| S.S.P. Haridwar (Rishikesh also) | : 2746022, 2628360 |
| Kotwali Dehradun | : 2659011, 2651588 |
| Railway Enquiry | : 131, 2622131 |
| Roadways Enquiry | : 2653797 |
| Doon Hospital (Blood Bank) | : 2623578 |

**ATM's**

**Bank of Baroda**

P.O. Box No.117, Astley Hall, Dehradoon

**UCO Bank**

**Pritam Castle, Paltan Bazar, Dehradoon**

**HDFC BANK**

118, Sayyad Mohalla, Chakrata Road
Near Kishan Nagar Chowk

**ICICI BANK**

Gurdwara Singh Sabha, Arhat Bazar

**STATE BANK OF INDIA**

Saharanpur Road




# ਰਿਸ਼ੀਕੇਸ਼ ਤੋਂ ਗੋਬਿੰਦ ਘਾਟ

| | | | |
|---|---|---|---|
| ਜ਼ਿਲ੍ਹਾ | : ਦੇਹਰਾਦੂਨ | ਪਿੰਨ ਕੋਡ | : 249201 |
| ਪ੍ਰਾਂਤ | : ਉੱਤ੍ਰਾਂਚਲ | ਐੱਸ.ਟੀ.ਡੀ. | : 0135 |


ਗੁਰਦੁਆਰਾ ਸਾਹਿਬ ਲਛਮਨ ਝੂਲਾ ਰੋਡ 'ਤੇ ਸਥਿਤ ਹੈ। ਰਿਸ਼ੀਕੇਸ਼ ਦੇ ਬੱਸ ਅੱਡੇ ਤੋਂ ਗੁਰਦੁਆਰਾ ਸਾਹਿਬ ਦੋ ਕਿ.ਮੀ. ਤੋਂ ਵੀ ਘੱਟ ਦੂਰੀ 'ਤੇ ਹੈ। ਆਟੋ ਰਿਕਸ਼ਾ ਦੁਆਰਾ 5-7 ਮਿੰਟ ਦੀ ਦੂਰੀ 'ਤੇ ਹੈ। ਆਟੋ ਆਮ ਮਿਲ ਜਾਂਦੇ ਹਨ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਵਿਸ਼ਰਾਮ ਉਪਰੰਤ ਸਵੇਰੇ 2.30 ਵਜੇ ਤੋਂ ਸੰਗਤਾਂ ਬੱਸਾਂ, ਟੈਕਸੀਆਂ[1] ਜਾਂ ਆਪਣੇ ਨਿੱਜੀ ਵਾਹਨ ਉੱਤੇ ਗੁਰਦੁਆਰਾ ਗੋਬਿੰਦ ਘਾਟ ਵੱਲ ਚਾਲੇ ਪਾ ਦਿੰਦੀਆਂ ਹਨ। ਬੱਸਾਂ ਅਤੇ ਟੈਕਸੀਆਂ ਦੀ ਬੁਕਿੰਗ ਇੱਕ ਦਿਨ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ। ਇਹ ਸਫਰ ਤਕਰੀਬਨ 10-12 ਘੰਟੇ ਦਾ ਹੈ। ਇਸ ਯਾਤਰਾ ਦੌਰਾਨ ਰਸਤੇ ਵਿੱਚ

- ਸ੍ਰੀ ਨਗਰ (ਰਿਸ਼ੀਕੇਸ਼ ਤੋਂ ਅੰਦਾਜ਼ਨ 105 ਕਿ.ਮੀ.)
- ਨਗਰਾਸੂ (ਪਿੱਪਲ ਕੋਟੀ, ਸ੍ਰੀ ਨਗਰ ਤੋਂ 45-50 ਕਿ.ਮੀ.)
- ਜੋਸ਼ੀ ਮੱਠ (ਨਗਰਾਸੂ ਤੋਂ ਅੰਦਾਜ਼ਨ 95-100 ਕਿ.ਮੀ.)

ਵਿਖੇ ਗੁਰਦੁਆਰਾ ਸਾਹਿਬ ਮੌਜੂਦ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਲੰਗਰ ਅਤੇ ਫਸਟ-ਏਡ ਦਾ ਇੰਤਜ਼ਾਮ ਵੀ ਹੈ। ਸੰਗਤਾਂ ਰਾਤ ਵਿਸ਼ਰਾਮ ਕਰ ਸਕਦੀਆਂ ਹਨ। ਜਿਹੜੀਆਂ ਸੰਗਤਾਂ ਰਿਸ਼ੀਕੇਸ਼ ਤੋਂ ਸਵੇਰੇ ਅੰਮ੍ਰਿਤ ਵੇਲੇ ਨਹੀਂ ਤੁਰ ਸਕੀਆਂ ਹੁੰਦੀਆਂ, ਉਹ ਰਸਤੇ ਵਿੱਚ ਸ੍ਰੀ ਨਗਰ

1 ਪ੍ਰਾਈਵੇਟ ਟੈਕਸੀਆਂ ਕਿਰਾਏ 'ਤੇ ਆਮ ਮਿਲ ਜਾਂਦੀਆਂ ਹਨ।



ਹੇਮਕੁੰਡ ਸਾਹਿਬ ਮਾਰਗ 'ਤੇ ਪਹਾੜੀ ਨਦੀ ਦਾ ਇਕ ਖੂਬਸੂਰਤ ਨਜ਼ਾਰਾ

ਜਾਂ ਨਗਰਾਸੂ ਦੇ ਗੁਰਦੁਆਰਾ ਸਾਹਿਬ ਵਿੱਚ ਰਾਤ ਵਿਸ਼ਰਾਮ ਕਰਨ ਉਪਰੰਤ ਸਵੇਰੇ ਤੁਰ ਸਕਦੀਆਂ ਹਨ। ਸ੍ਰੀ ਨਗਰ ਅਤੇ ਜੋਸ਼ੀ ਮੱਠ ਵਾਲੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਹੇਮਕੁੰਡ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਲੰਗਰ ਦਮਦਮਾ ਸਾਹਿਬ, ਗੋਬਿੰਦ ਨਗਰ, ਨਗਰਾਸੂ ਦੀ ਸੇਵਾ ਬਾਬਾ ਬੇਅੰਤ ਸਿੰਘ ਜੀ ਬੇਰਕਲਾਂ (ਲੁਧਿਆਣਾ) ਵਾਲੇ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਦਾ ਮੋਬਾਈਲ ਨੰਬਰ 094170-07273 ਹਨ।

ਗੋਬਿੰਦ ਘਾਟ ਤੋਂ ਸਿਰਫ 18-20 ਕਿ.ਮੀ. ਅੱਗੇ ਹਿੰਦੂ ਧਰਮ ਦਾ ਪ੍ਰਮੁੱਖ ਧਰਮ ਅਸਥਾਨ ਬਦਰੀਨਾਥ ਸੁਸ਼ੋਭਿਤ ਹੈ।

ਰਿਸ਼ੀਕੇਸ਼ ਵਿਖੇ ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ 4 ਪਟਰੋਲ ਪੰਪ ਹਨ। ਇਸ ਜਗ੍ਹਾ ਦੇ ਬਿਲਕੁਲ ਨਜ਼ਦੀਕ ਮਾਯਾਕੁੰਡ ਸਥਾਨ 'ਤੇ ਨਿਰਮਲ ਆਸ਼ਰਮ ਹਸਪਤਾਲ ਮੌਜੂਦ ਹੈ। ਇਸ ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਦਵਾ-ਦਾਰੂ ਦਾ ਵਧੀਆ ਅਤੇ ਵਾਜਿਬ ਫੀਸ 'ਤੇ ਇੰਤਜ਼ਾਮ ਹੈ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼, ਹਰਿਦੁਆਰ, ਸ੍ਰੀ ਨਗਰ, ਜੋਸ਼ੀਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਗੁਰਦੁਆਰਾ ਹੇਮਕੁੰਡ ਸਾਹਿਬ ਦੀ ਸੇਵਾ ਸ੍ਰੀ ਹੇਮਕੁੰਡ ਸੇਵਾ ਸੁਸਾਇਟੀ ਨਿਭਾ ਰਹੀ ਹੈ। ਇਸ ਸੋਸਾਇਟੀ ਦੀ ਸਥਾਪਨਾ 1970 ਵਿਚ ਕਾਨ੍ਹਪੁਰ ਵਿਖੇ ਹੋਈ ਸੀ ਅਤੇ ਪੱਤਰ ਵਿਹਾਰ ਦਫਤਰ ਚੰਡੀਗੜ੍ਹ ਵਿਖੇ ਹੈ। ਇਸ ਸੋਸਾਇਟੀ ਵੱਲੋਂ ਰਿਸ਼ੀਕੇਸ਼ ਵਿਖੇ ਇਕ ਫ੍ਰੀ ਗੁਰਮਤਿ ਅਕੈਡਮੀ ਵੀ ਚਲਾਈ ਜਾ ਰਹੀ ਹੈ, ਜਿੱਥੇ ਬੱਚੇ ਗੁਰਮਤਿ ਦੀ ਸਿਖਿਆ ਲੈਂਦੇ ਹਨ।



ਗੁਰਦੁਆਰਾ ਸਾਹਿਬ ਰਿਸ਼ੀਕੇਸ਼


## ਕੁਝ ਮਹੱਤਵਪੂਰਨ ਜਾਣਕਾਰੀਆਂ

| | |
|---|---|
| Distt. Magistrate | : 2623819, 2655225 |
| Sr. Suptd. of Police | : 2746022, 2628360 |
| Railway Enquiry Rishikesh | : 131, 2434167 |
| Roadways Enquiry | : 2430066 |
| ਗੁਰਦੁਆਰਾ ਸਾਹਿਬ ਰਿਸ਼ੀਕੇਸ਼ | : 2430229, 2437813 |
| ਨਿਰਮਲ ਆਸ਼ਰਮ ਹਸਪਤਾਲ | : 2430942, 2432215 |
| | : 2437311, 2437315 |

## ਰਿਸ਼ੀਕੇਸ਼ ਤੋਂ

| | | | |
|---|---|---|---|
| ਦੇਵਪ੍ਰਯਾਗ | 70 ਕਿ.ਮੀ. | ਸ੍ਰੀ ਨਗਰ | 105 ਕਿ.ਮੀ. |
| ਰੁਦ੍ਰ ਪ੍ਰਯਾਗ | 137 ਕਿ.ਮੀ. | ਕਰਨ ਪ੍ਰਯਾਗ | 172 ਕਿ.ਮੀ. |
| ਨੰਦ ਪ੍ਰਯਾਗ | 191 ਕਿ.ਮੀ. | ਚਮੋਲੀ | 202 ਕਿ.ਮੀ. |
| ਪੀਪਲ ਕੋਟੀ | 218 ਕਿ.ਮੀ. | ਜੋਸ਼ੀ ਮੱਠ | 252 ਕਿ.ਮੀ. |
| ਵਿਸ਼ਨੂੰ ਪ੍ਰਯਾਗ | 257 ਕਿ.ਮੀ. | ਗੋਬਿੰਦ ਘਾਟ | 273 ਕਿ.ਮੀ. |

ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਵੱਲ ਜਾਂਦਿਆਂ ਰਾਹ ਵਿਚ ਜੋਸ਼ੀਮੱਠ ਸਥਾਨ ਤੋਂ ਅੱਗੇ ਪਹਾੜੀ ਰਸਤਾ ਬਹੁਤ ਭੀੜਾ ਹੋ ਜਾਂਦਾ ਹੈ, ਅਤੇ ਦੋਨੋਂ ਪਾਸੇ ਦੀ ਟ੍ਰੈਫਿਕ ਇਕੋ ਸਮੇਂ ਨਹੀਂ ਚਲ ਸਕਦੀ। ਇਸ ਲਈ ਟ੍ਰੈਫਿਕ ਇਕ-ਪਾਸੜ ਕਰ ਦਿੱਤੀ ਜਾਂਦੀ ਹੈ ਤਾਂ ਕਿ ਕੋਈ ਦੁਰਘਟਨਾ ਨਾ ਵਾਪਰ ਸਕੇ। ਪਹਿਲਾਂ ਇਕ ਪਾਸੇ ਦਾ ਟ੍ਰੈਫਿਕ ਤੋਰਿਆ ਜਾਂਦਾ ਹੈ ਅਤੇ ਦੂਸਰੇ ਪਾਸਿਓਂ ਗੇਟ ਬੰਦ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਫਿਰ




ਹੇਮਕੁੰਟ ਸਾਹਿਬ ਮਾਰਗ 'ਤੇ ਵੰਨ-ਸੁਵੰਨੇ ਪਹਾੜੀ ਰੁੱਖਾਂ ਦਾ ਸੁੰਦਰ ਨਜ਼ਾਰਾ

ਦੂਜੇ ਪਾਸਿਓਂ ਗੇਟ ਬੰਦ ਕਰਕੇ ਪਹਿਲੀ ਸਾਈਡ ਦੀ ਟ੍ਰੈਫਿਕ ਚਾਲੂ ਕਰ ਦਿੱਤੀ ਜਾਂਦੀ ਹੈ।

ਇਨ੍ਹਾਂ ਗੇਟਾਂ ਦੇ ਸਮੇਂ ਇਸ ਤਰ੍ਹਾਂ ਹਨ:

| ਜੋਸ਼ੀਮੱਠ ਤੋਂ ਗੋਬਿੰਦ ਘਾਟ | ਗੋਬਿੰਦ ਘਾਟ ਤੋਂ ਜੋਸ਼ੀ ਮੱਠ |
|---|---|
| 06:40 | 07:30 |
| 09:00 | 09:45 |
| 11:30 | 12:30 |
| 14:00 | 14:45 |
| 16:30 | 17:45 |



ਅਸਮਾਨ ਨੂੰ ਛੂੰਹਦੇ ਪਰਬਤਾਂ ਦਾ ਦਿਲਕਸ਼ ਨਜ਼ਾਰਾ

## ਗੋਬਿੰਦ ਘਾਟ ਤੋਂ ਗੋਬਿੰਦ ਧਾਮ

ਗੋਬਿੰਦ ਘਾਟ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਸਾਹਿਬ ਦੀ ਸਥਾਪਨਾ 1941 ਈ: ਦੇ ਆਸ-ਪਾਸ ਹੋਈ। ਇਹ ਗੁਰਦੁਆਰਾ ਸਮੁੰਦਰ ਤਲ ਤੋਂ ਤਕਰੀਬਨ 6000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਸ ਅਸਥਾਨ 'ਤੇ ਸੰਗਤਾਂ ਆਪਣਾ ਸਾਮਾਨ ਆਦਿ ਜਮ੍ਹਾਂ ਕਰਵਾ ਕੇ ਟੋਕਨ ਲੈਂਦੀਆਂ ਹਨ। ਕਦੀ-ਕਦੀ ਤਾਂ ਸਾਮਾਨ ਜਮ੍ਹਾਂ ਕਰਵਾਉਣ ਲਈ 1.30 ਤੋਂ 2.00 ਘੰਟੇ ਦਾ ਸਮਾਂ ਵੀ ਲੱਗ ਜਾਂਦਾ ਹੈ। ਇਸ ਤੋਂ ਅੱਗੇ ਸੰਗਤਾਂ ਨੂੰ ਆਪਣਾ ਬਹੁਤ ਘੱਟ ਸਾਮਾਨ ਹੀ ਲੈ ਕੇ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਅੱਗੇ ਸਾਰਾ ਰਸਤਾ ਪੈਦਲ ਚੜ੍ਹਾਈ ਵਾਲਾ ਹੀ ਹੈ। ਇਸੇ ਹੀ ਅਸਥਾਨ ਤੋਂ ਸੰਗਤਾਂ ਆਪਣੇ ਘਰ, ਰਿਸ਼ਤੇਦਾਰਾਂ ਜਾਂ ਸਾਕ-ਸਨਬੰਧੀਆਂ ਲਈ ਪਿੰਨੀ ਪ੍ਰਸ਼ਾਦ ਲੈ ਸਕਦੀਆਂ ਹਨ। ਮਾਇਆ ਦੀ ਸੇਵਾ ਕਰਵਾਉਣ ਸਮੇਂ ਸੇਵਾਦਾਰ ਨੂੰ ਪਿੰਨੀ ਪ੍ਰਸ਼ਾਦ ਵਾਸਤੇ ਪਰਚੀ ਕੱਟਣ ਲਈ ਕਹਿਣਾ ਚਾਹੀਦਾ ਹੈ, ਨਹੀਂ ਤਾਂ ਮਾਇਆ ਦੀ ਸੇਵਾ ਬਿਲਡਿੰਗ ਫੰਡ ਜਾਂ ਲੰਗਰ ਆਦਿ ਲਈ ਪ੍ਰਵਾਨ ਹੁੰਦੀ ਹੈ ਅਤੇ ਵਾਪਸੀ ਵਾਸਤੇ ਪ੍ਰਸ਼ਾਦ ਨਹੀਂ ਮਿਲਦਾ।


ਗੁਰਦੁਆਰਾ ਸਾਹਿਬ ਵਿਖੇ ਯਾਤਰੂਆਂ ਦੇ ਰਹਿਣ ਦਾ, ਕੰਬਲਾਂ ਅਤੇ ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ। ਬਦਰੀਨਾਥ ਜਾਣ ਵਾਲੇ ਸ਼ਰਧਾਲੂ ਵੀ ਕਈ ਵਾਰ ਇਥੇ ਹੀ ਰਾਤ ਵਿਸ਼ਰਾਮ ਕਰਦੇ ਹਨ ਅਤੇ ਲੰਗਰ ਪਾਣੀ ਛਕਦੇ ਹਨ। ਸ਼ਾਮ ਦੇ ਦੀਵਾਨ ਵੇਲੇ ਹਰ ਮਾਈ-ਭਾਈ ਦਾ ਫਰਜ਼ ਬਣਦਾ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਸ਼ਬਦ


ਹੇਮਕੁੰਟ ਸਾਹਿਬ ਮਾਰਗ ਵਿਚ ਵਗਦੇ ਮਨਮੋਹਕ ਝਰਨੇ ਦਾ ਦ੍ਰਿਸ਼

ਕੀਰਤਨ ਸਮੇਂ ਹਾਜ਼ਰੀਆਂ ਭਰਨ। ਗੋਬਿੰਦ ਘਾਟ ਤੋਂ ਅੱਗੇ ਗੋਬਿੰਦ ਧਾਮ ਵੱਲ ਪੈਦਲ ਚੜ੍ਹਾਈ ਦੀ ਸ਼ੁਰੂਆਤ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 13 ਕਿ.ਮੀ. ਹੈ ਅਤੇ ਅੰਦਾਜ਼ਨ 5.00 ਤੋਂ 6.00 ਘੰਟੇ ਲੱਗਦੇ ਹਨ। ਜੁਲਾਈ ਮੱਧ ਤੋਂ ਬਾਅਦ ਇੱਥੇ ਤਕਰੀਬਨ ਮੌਸਮ ਬਰਸਾਤ ਵਾਲਾ ਹੋ ਜਾਂਦਾ ਹੈ, ਸੋ ਰੇਨ ਕੋਟ ਜਾਂ ਛਤਰੀਆਂ ਦੀ ਸਖ਼ਤ ਜ਼ਰੂਰਤ ਪੈਂਦੀ ਹੈ।

**ਚੜ੍ਹਾਈ ਚੜ੍ਹਦੇ ਸਮੇਂ ਕੁਝ ਧਿਆਨ ਰੱਖਣਯੋਗ ਗੱਲਾਂ:**

ਚੜ੍ਹਾਈ ਚੜ੍ਹਦੇ ਸਮੇਂ ਰਸਤੇ ਵਿੱਚ ਖਾਣ-ਪੀਣ ਦੀਆਂ ਕਾਫੀ ਦੁਕਾਨਾਂ ਮਿਲਦੀਆਂ ਹਨ, ਪਰ ਇਨ੍ਹਾਂ ਦੁਕਾਨਾਂ 'ਤੇ ਹਰ ਚੀਜ਼ ਦੇ ਰੇਟ ਕਾਫੀ ਜ਼ਿਆਦਾ ਹੁੰਦੇ ਹਨ। ਇਸ ਲਈ ਹੋ ਸਕੇ ਤਾਂ ਖਾਣ-ਪੀਣ ਦਾ ਥੋੜ੍ਹਾ-ਬਹੁਤ ਸਾਮਾਨ ਪਹਿਲਾਂ ਹੀ ਲੈ ਲੈਣਾ ਚਾਹੀਦਾ ਹੈ। ਸਿਰ-ਦਰਦ, ਬੁਖਾਰ, ਸਰੀਰ ਟੁੱਟਣ-ਭੱਜਣ, ਲੱਤਾਂ ਦਰਦ ਆਦਿ ਦੀਆਂ ਕੁਝ ਦਵਾਈਆਂ ਨਾਲ ਜ਼ਰੂਰ ਲੈ ਲੈਣੀਆਂ ਚਾਹੀਦੀਆਂ ਹਨ। ਯਾਤਰਾ ਸਮੇਂ ਕਦਮ ਬਹੁਤ ਛੋਟੇ-ਛੋਟੇ ਪੁੱਟਣੇ ਚਾਹੀਦੇ ਹਨ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ। ਯਾਤਰਾ ਸਮੇਂ ਕਿਸੇ ਵੀ ਜਗ੍ਹਾ 'ਤੇ ਜ਼ਿਆਦਾ ਦੇਰ ਨਹੀਂ ਰੁਕਣਾ ਚਾਹੀਦਾ, ਇਸ ਨਾਲ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਥਕਾਵਟ ਜ਼ਿਆਦਾ ਮਹਿਸੂਸ ਹੁੰਦੀ ਹੈ। ਥੋੜ੍ਹਾ ਗੁਲੂਕੋਜ਼ ਨਾਲ ਜ਼ਰੂਰ ਲੈ ਲੈਣਾ ਚਾਹੀਦਾ ਹੈ। ਰਸਤੇ ਵਿੱਚ ਢਿੱਡ ਭਰ ਕੇ ਪਾਣੀ ਨਹੀਂ ਪੀਣਾ ਚਾਹੀਦਾ, ਹੋ ਸਕੇ ਤਾਂ ਸੁੱਕਦੇ ਮੂੰਹ ਨੂੰ ਨਿਰੀ ਚੂਲੀ ਕਰ ਕੇ ਹੀ ਕੰਮ ਚਲਾਉਣਾ ਚਾਹੀਦਾ ਹੈ। ਸਾਫਟ ਡ੍ਰਿੰਕਸ (ਜਿਵੇਂ ਕੋਕ, ਪੈਪਸੀ ਆਦਿ) ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।




ਗੁਰਦੁਆਰਾ ਸਾਹਿਬ ਗੋਬਿੰਦ ਧਾਮ

## ਗੋਬਿੰਦ ਧਾਮ ਤੋਂ ਹੇਮਕੁੰਡ ਤੋਂ ਗੋਬਿੰਦ ਧਾਮ

ਗੋਬਿੰਦ ਧਾਮ (ਘਾਂਗਰੀਆ) ਹੇਮਕੁੰਡ ਸਾਹਿਬ ਵੱਲ ਜਾਂਦਿਆਂ ਰਾਹ ਵਿੱਚ ਆਉਣ ਵਾਲਾ ਇਕ ਛੋਟਾ ਜਿਹਾ ਪਿੰਡ ਹੈ। ਇਹ ਲਕਸ਼ਮਨਗੰਗਾ ਦੇ ਨਾਮ ਨਾਲ ਵੀ ਜਾਣੇ ਜਾਂਦੇ ਪੁਸ਼ਪਾਵਤੀ ਦਰਿਆ ਦੇ ਕੰਢੇ 'ਤੇ ਸਥਿਤ ਇਕ ਛੋਟੀ ਜਿਹੀ ਘਾਟੀ ਇਹ ਆਖਰੀ ਮਨੁੱਖੀ ਆਵਾਸ ਹੈ। ਇਹ ਅਸਥਾਨ ਮਈ ਤੋਂ ਸਤੰਬਰ ਤਕ ਹੀ ਖੁੱਲ੍ਹਦਾ ਹੈ, ਬਾਕੀ ਸਾਰਾ ਸਮਾਂ ਇਹ ਬਰਫ ਹੇਠ ਦੱਬਿਆ ਰਹਿੰਦਾ ਹੈ।

ਇਥੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਡ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਸਾਹਿਬ ਸਮੁੰਦਰ ਤਲ ਤੋਂ ਤਕਰੀਬਨ 10,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਸ ਅਸਥਾਨ 'ਤੇ ਰਾਤ ਠਹਿਰਨ ਅਤੇ ਲੰਗਰ ਦਾ ਬਿਹਤਰੀਨ ਇੰਤਜ਼ਾਮ ਹੈ। ਇਥੇ ਬਿਜਲੀ ਦਾ ਪ੍ਰਬੰਧ 24 ਘੰਟੇ ਨਹੀਂ ਹੁੰਦਾ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਪ੍ਰਬੰਧ ਜਰਨੇਟਰ ਰਾਹੀਂ ਹੁੰਦਾ ਹੈ, ਜੋ ਕਿ ਰਾਤ ਦੇ ਠੀਕ 10.00 ਵਜੇ ਬੰਦ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਬਿਲਕੁਲ ਘੁੱਪ ਹਨੇਰਾ ਛਾ ਜਾਂਦਾ ਹੈ। ਸੰਗਤਾਂ ਨੂੰ ਟਾਰਚਾਂ ਦਾ ਇੰਤਜ਼ਾਮ ਜ਼ਰੂਰ ਰੱਖਣਾ ਚਾਹੀਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਡ ਸਾਹਿਬ ਵੱਲ ਜਾਂਦਿਆਂ ਰਸਤੇ ਵਿੱਚ ਹੇਮਗੰਗਾ ਨਦੀ ਦੇ ਪੁਲ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 4 ਕਿ.ਮੀ. ਦੀ ਦੂਰੀ 'ਤੇ ਸੰਸਾਰ-ਪ੍ਰਸਿੱਧ ਫੁੱਲਾਂ ਦੀ ਘਾਟੀ ਆਉਂਦੀ ਹੈ।

ਰਾਤ ਵਿਸ਼ਰਾਮ ਕਰਨ ਮਗਰੋਂ ਅਗਲੇ ਦਿਨ ਸਵੇਰੇ ਗੁਰਦੁਆਰਾ ਹੇਮਕੁੰਡ ਸਾਹਿਬ ਵੱਲ ਚੜ੍ਹਾਈ ਸ਼ੁਰੂ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ




ਦਰਸ਼ਨਾਂ ਲਈ ਜਾ ਰਹੀਆਂ ਸੰਗਤਾਂ

6 ਕਿ.ਮੀ. ਹੈ ਅਤੇ ਅੰਦਾਜ਼ਨ 3.00 ਤੋਂ 4.00 ਘੰਟੇ ਵਿੱਚ ਪੂਰੀ ਕੀਤੀ ਜਾ ਸਕਦੀ ਹੈ। ਦਰਸ਼ਨ ਕਰ ਕੇ ਉਸੇ ਦਿਨ ਵਾਪਸ ਗੋਬਿੰਦ ਧਾਮ ਵਿਖੇ ਪਹੁੰਚਣਾ ਹੁੰਦਾ ਹੈ। ਕਿਉਂਕਿ ਹੇਮਕੁੰਡ ਸਾਹਿਬ ਵਿਖੇ ਰਾਤ ਠਹਿਰਨ ਦਾ ਕੋਈ ਇੰਤਜ਼ਾਮ ਨਹੀਂ, ਅਤੇ ਸਾਹ ਲੈਣ ਵਾਸਤੇ ਆਕਸੀਜਨ ਵੀ ਪਰਿਆਪਤ ਮਾਤਰਾ ਵਿਚ ਨਹੀਂ ਹੁੰਦੀ।

ਗੁਰਦੁਆਰਾ ਹੇਮਕੁੰਡ ਸਾਹਿਬ ਵਿਖੇ ਰੋਜ਼ਾਨਾ ਦੀ ਪਹਿਲੀ ਅਰਦਾਸ ਸਵੇਰੇ 9.00 ਵਜੇ, ਦੂਜੀ 11.00 ਵਜੇ ਅਤੇ ਤੀਸਰੀ ਅਰਦਾਸ 12.30 ਵਜੇ ਹੁੰਦੀ ਹੈ। ਸਮੇਂ ਅਨੁਸਾਰ ਇਨ੍ਹਾਂ ਸਮਿਆਂ ਵਿੱਚ 20-30 ਮਿੰਟ ਦੀ ਤਬਦੀਲੀ ਕੀਤੀ ਜਾਂਦੀ ਹੈ। ਗੋਬਿੰਦ ਧਾਮ ਤੋਂ ਸਵੇਰੇ 5.00-5.30 ਵਜੇ ਤੁਰ ਪੈਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਅਰਦਾਸਾਂ ਵਿੱਚ ਹਾਜ਼ਰੀ ਲਗਵਾਈ ਜਾ ਸਕੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ।

ਹੇਮਕੁੰਡ ਸਾਹਿਬ ਵਿਖੇ ਸੰਗਤਾਂ ਲਈ ਚਾਹ, ਮੱਠੀਆਂ ਜਾਂ ਹੋਰ ਪਦਾਰਥਾਂ ਦਾ ਲੰਗਰ ਹਰ ਵੇਲੇ ਮਿਲਦਾ ਹੈ। ਹਰ ਯਾਤਰੂ ਨੂੰ ਸ਼ਰਧਾ ਅਤੇ ਪਹੁੰਚ ਮੁਤਾਬਕ **"ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਮਹਾਂਵਾਕ ਅਨੁਸਾਰ ਸੁੱਕਾ ਦੁੱਧ, ਚਾਹ ਪੱਤੀ, ਖਾਣ-ਪੀਣ ਦਾ ਸਾਮਾਨ ਜਿਵੇਂ ਬ੍ਰੈਡ, ਮੱਠੀਆਂ ਜਾਂ ਸ਼ਰਧਾ ਮੁਤਾਬਿਕ ਹੋਰ ਪਦਾਰਥਾਂ ਆਦਿ ਦੀ ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ।**



ਫੁੱਲਾਂ ਦੀ ਘਾਟੀ ਵਿਚ ਕੁਦਰਤੀ ਸ਼ਗੂਫੇ

## ਫੁੱਲਾਂ ਦੀ ਘਾਟੀ (Valley of Flowers)

1931 ਈ: ਦੇ ਆਸ-ਪਾਸ ਇਕ ਅੰਗਰੇਜ਼ ਪਰਵਤ-ਆਰੋਹੀ ਫਰੈਂਕ ਸਮਿਥ ਨੇ ਚਮੌਲੀ (ਗੜਵਾਲ) ਵਿੱਚ ਇਕ ਅੱਠ ਕਿ.ਮੀ. ਲੰਬੇ ਗਲੇਸ਼ੀਅਰ ਦੇ ਲਾਂਘੇ, ਭੂੰਦਰ ਘਾਟੀ ਨੂੰ ਲੱਭਿਆ। ਬਰਫ ਨਾਲ ਢੱਕਿਆ, ਪਹਾੜਾਂ ਵਿੱਚ ਘਿਰਿਆ ਅਤੇ 500 ਤੋਂ ਉੱਪਰ ਭਾਂਤ-ਭਾਂਤ ਦੇ ਫੁੱਲਾਂ ਨਾਲ ਲੱਦਿਆ ਇਹ ਅਸਥਾਨ ਛੇਤੀ ਹੀ ਲੋਕਪ੍ਰਿਯ ਹੋ ਗਿਆ। ਇਥੇ ਖਿੜਨ ਵਾਲੇ ਫੁੱਲ ਸੰਸਾਰ ਵਿੱਚ ਸ਼ਾਇਦ ਹੀ ਹੋਰ ਕਿਧਰੇ ਦੇਖਣ ਨੂੰ ਮਿਲਦੇ ਹੋਣ। ਤਰ੍ਹਾਂ-ਤਰ੍ਹਾਂ ਦੇ ਰੰਗ-ਬਿਰੰਗੇ ਫੁੱਲਾਂ ਨਾਲ ਇਹ ਘਾਟੀ ਹਰ ਵੇਲੇ ਮਹਿਕਦੀ ਰਹਿੰਦੀ ਹੈ। ਫੁੱਲਾਂ ਦੀ ਇਹ ਘਾਟੀ ਸਵਰਗ ਨਾਲੋਂ ਘੱਟ ਨਹੀਂ ਜਾਪਦੀ। ਇਸ ਘਾਟੀ ਦੇ ਫੁੱਲ ਅਗਸਤ-ਸਤੰਬਰ ਵਿੱਚ ਆਪਣੇ ਜੋਬਨ ’ਤੇ ਹੁੰਦੇ ਹਨ। ਇਸ ਘਾਟੀ ਨੂੰ ਕੌਮੀ ਪਾਰਕ ਦੇ ਅਹੁਦੇ ਨਾਲ ਸਨਮਾਨਿਤ ਵੀ ਕੀਤਾ ਗਿਆ।

ਇਸ ਕੌਮੀ ਪਾਰਕ ਵਿੱਚ ਪਸ਼ੂਆਂ/ਜਾਨਵਰਾਂ ਨੂੰ ਚਰਾਉਣ ਦੀ ਸਖਤ ਮਨਾਹੀ ਹੈ। ਸਾਲ ਵਿੱਚ 2-3 ਮਹੀਨੇ (ਜੁਲਾਈ-ਸਤੰਬਰ ਵਿੱਚ) ਫੁੱਲ ਆਪਣੇ ਪੂਰੇ ਜੋਬਨ ’ਤੇ ਹੁੰਦੇ ਹਨ। ਬਾਕੀ ਸਮਾਂ ਤਕਰੀਬਨ ਇਹ ਅਸਥਾਨ ਬਰਫ ਨਾਲ ਕੱਜਿਆ ਰਹਿੰਦਾ ਹੈ। ਇਥੇ ਕਸਤੂਰੀ ਹਿਰਨ, ਲਾਲ ਲੂੰਬੜ, ਲੰਗੂਰ, ਕਾਲੇ ਰਿੱਛ ਅਤੇ ਵੰਨ-ਸੁਵੰਨੀਆਂ ਤਿਤਲੀਆਂ ਭਾਰੀ ਤਾਦਾਦ ਵਿੱਚ ਪਾਈਆਂ ਜਾਂਦੀਆਂ ਹਨ।

# ਸਹਿਯੋਗੀ ਸੱਜਣ



**ਸ੍ਰ. ਸੁਰਜੀਤ ਸਿੰਘ**
ਐਸੋਸੀਏਟਡ ਇੰਡਸਟ੍ਰੀਅਲ ਕਾਰ:
ਈਸਟ ਮੋਹਨ ਨਗਰ
ਅੰਮ੍ਰਿਤਸਰ



**ਸ੍ਰ. ਸੁਖਵਿੰਦਰ ਸਿੰਘ**
ਈਸਟ ਮੋਹਨ ਨਗਰ
ਅੰਮ੍ਰਿਤਸਰ



**ਸ੍ਰ. ਪ੍ਰੀਤਮ ਸਿੰਘ ਕਲਸੀ**
ਈਸਟ ਮੋਹਨ ਨਗਰ
ਅੰਮ੍ਰਿਤਸਰ



**ਸ੍ਰੀ ਕਪਿਲ ਦੇਵ ਖੰਨਾ**
ਇੰਡਸਟ੍ਰੀਅਲ ਏਰੀਆ
ਚੰਡੀਗੜ੍ਹ



**ਸ੍ਰ. ਗੁਰਮੀਤ ਸਿੰਘ**
**ਪ੍ਰਤਾਪ ਮਕੈ: ਵਰਕਸ**
ਰਾਮ ਤਲਾਈ
ਜੀ.ਟੀ. ਰੋਡ
ਅੰਮ੍ਰਿਤਸਰ



**ਸ੍ਰ. ਪਰਮਜੀਤ ਸਿੰਘ**
**ਫ੍ਰੈਂਡਜ਼ ਉਦਯੋਗ**
ਫੋਕਲ ਪੁਆਇੰਟ
ਅੰਮ੍ਰਿਤਸਰ



**ਸ੍ਰ. ਮਨਜੀਤ ਸਿੰਘ**
**ਨਾਨਕ ਕਰੈਂਕ ਸ਼ਾਫਟ**
ਨੈਰੋਬੀ

**ਸ੍ਰ. ਭੁਪਿੰਦਰ ਸਿੰਘ** ਸਿੰਘਾਪੁਰ ਗਿਫਟ ਸ਼ਾਪ
ਗੋਲਡਨ ਕਲਾਥ ਮਾਰਕੀਟ, ਅੰਮ੍ਰਿਤਸਰ

**ਸ੍ਰ. ਕੰਵਲਜੀਤ ਸਿੰਘ** ਗੁੱਲੂ ਦੀ ਹੱਟੀ
ਗੋਲਡਨ ਕਲਾਥ ਮਾਰਕੀਟ, ਅੰਮ੍ਰਿਤਸਰ

| | |
|---|---|
| ਸ੍ਰ. ਬਲਜੀਤ ਸਿੰਘ (ਡਾ:) | **ਅੰਮ੍ਰਿਤਸਰ ਪੋਲੀਕਲੀਨਿਕ** ਅਜ਼ਾਦ ਨਗਰ, ਅੰਮ੍ਰਿਤਸਰ |
| ਸ੍ਰ. ਗੁਰਜੀਤ ਸਿੰਘ | **ਯੂਨੀਟੈੱਕ ਕੰਪਿਊਟਰਜ਼**, ਐੱਮ.ਐੱਮ. ਮਾਲਵੀਆ ਰੋਡ, ਅੰਮ੍ਰਿਤਸਰ |
| ਸ੍ਰ. ਲਖਵਿੰਦਰ ਸਿੰਘ | **ਸੰਨੀ ਸੇਲਜ਼ ਕਾਰਪੋਰੇਸ਼ਨ** ਨਿਊ ਅਜਾਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ |
| ਸ੍ਰ. ਜੋਗਿੰਦਰ ਸਿੰਘ | ਐਡੀ: ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ |
| ਸ੍ਰ. ਰੂਪ ਸਿੰਘ | ਐਡੀ: ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ |
| ਸ੍ਰ. ਜਗਜੀਤ ਸਿੰਘ ਜੱਗੀ | ਸੁਪਰਵਾਈਜ਼ਰ, ਤ੍ਰੈ ਸ਼ਤਾਬਦੀ ਖਾਲਸਾ ਕਾਲਜ, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ |
| ਰਾਮ ਸਿੰਘ ਦੀ ਹੱਟੀ | ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ |
| ਚਾਹਤ ਸਿਲੈਕਸ਼ਨ | ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ |
| ਸਲੂਜਾ ਸਿਲਕ ਇੰਪੋਰੀਅਮ | ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ |
| ਸਲੂਜਾ ਸਿਲਕ ਸਟੋਰ | ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ |
| ਸ੍ਰ. ਹਰਮੋਹਨ ਸਿੰਘ | **ਪਾਕੀਜ਼ਾ ਐਕਸਪੋਰਟ**, ਐੱਮ.ਐੱਮ. ਮਾਲਵੀਆ ਰੋਡ, ਅੰਮ੍ਰਿਤਸਰ |
| ਸ੍ਰ. ਪ੍ਰਿਤਪਾਲ ਸਿੰਘ | **ਪ੍ਰੀਮੀਅਰ ਫਲੋਰਿੰਗਜ਼,** 100 ਫੁੱਟੀ ਸੜਕ, ਅੰਮ੍ਰਿਤਸਰ |
| ਸ੍ਰ. ਜਤਿੰਦਰਪਾਲ ਸਿੰਘ | **ਸੇਵਕ ਇੰਜੀ: ਵਰਕਸ,** ਤਰਨ ਤਾਰਨ ਰੋਡ, ਅੰਮ੍ਰਿਤਸਰ |
| ਸ੍ਰ. ਮਹੀਂਪਾਲ ਸਿੰਘ (ਡਾ:) | ਫੋਕਲ ਪੁਆਇੰਟ, ਅੰਮ੍ਰਿਤਸਰ |
| ਐਮਪਾਇਰ ਮਸ਼ੀਨ ਟੂਲਜ਼ | 100 ਫੁੱਟੀ ਰੋਡ, ਅੰਮ੍ਰਿਤਸਰ |
| ਸ੍ਰ. ਸੁਖਤਿੰਦਰਪਾਲ ਸਿੰਘ | **ਅਨੰਦ ਕਰਿਆਨਾ ਸਟੋਰ**, ਸੁਲਤਾਨਵਿੰਡ ਰੋਡ, ਅੰਮ੍ਰਿਤਸਰ |
| ਐੱਮ.ਬੀ. ਇੰਡਸਟ੍ਰੀਜ਼ | ਅੰਮ੍ਰਿਤਸਰ |
| ਬਾਬਾ ਬਚਨ ਸਿੰਘ ਜੀ | ਗੁਰਦੁਆਰਾ ਨਾਨਕ ਪੁਰਾ ਆਸ਼ਰਮ, ਹਰਿਦੁਆਰ |
| ਗਿ: ਦਵਿੰਦਰ ਸਿੰਘ | ਗੁ: ਗੁਰੂ ਅਮਰਦਾਸ ਜੀ, ਸਤੀ ਘਾਟ, ਕਨਖਲ, ਹਰਿਦੁਆਰ |

ਇਸ ਬੁੱਕਲੈੱਟ ਨੂੰ ਆਪ ਪੜੋ ਅਤੇ ਹੋਰਨਾਂ ਨੂੰ ਵੀ ਜਾਣਕਾਰੀ ਦਿਓ ਤਾਂ ਜੋ ਸੰਗਤਾਂ ਦੇ ਦਸਵੰਦ ਨਾਲ ਬਣੀ ਇਸ ਬੁੱਕਲੈੱਟ ਦੀ ਸੇਵਾ ਸਫਲ ਹੋ ਸਕੇ। ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਇਸ ਦੀਆਂ ਗਲਤੀਆਂ ਦੱਸਣ ਅਤੇ ਹੋਰ ਵਧੇਰੇ ਜਾਣਕਾਰੀ ਭਰਪੂਰ ਬਣਾਉਣ ਲਈ ਹੇਠਲੇ ਪਤੇ 'ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਦਰਸ਼ਨਾਰਥੀਆਂ ਦੇ ਸਫਰ ਨੂੰ ਹੋਰ ਸੁਖਾਲਾ ਬਣਾਇਆ ਜਾ ਸਕੇ।



**ਸਤਬੀਰ ਸਿੰਘ (ਬੈੱਸਟ ਕੰਪਿਊਟਰ ਸੈਂਟਰ)**
*ਆਫਸੈੱਟ ਪ੍ਰਿੰਟਿੰਗ, ਕੰਪਿਊਟਰ ਟ੍ਰੇਨਿੰਗ ਸੈਂਟਰ*
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
ਫੋਨ: 0183-5099606, 098157 62315
www.idea-ads.com

ਯਾਤਰਾ ਦਾ ਸਮਾਂ : ਜੂਨ ਸ਼ੁਰੂ ਤੋਂ
ਅਕਤੂਬਰ ਸ਼ੁਰੂ ਤਕ

ਫੁੱਲਾਂ ਦੀ ਘਾਟੀ : ਅਗਸਤ ਤੋਂ ਸਤੰਬਰ

